**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 6.471
Volume - 6, Issue - 4, April - 2023 Publication Date: 30/04/2023

DOIs:10.2018/SS/202304019 --:-- Research Paper / Article / Review

# ਸਮਾਜ ਅਤੇ ਸਭਿਆਚਾਰ ਦਾ ਸਮਾਜਿਕ ਪ੍ਰਬੰਧ : ਇਕ ਵਿਸ਼ਲੇਸ਼ਣ

**ਡਾ. ਮੇਜਰ ਸਿੰਘ**
ਅਸ਼ਿਸਟੈਂਟ ਪ੍ਰੋਫ਼ੈਸਰ, (ਪੰਜਾਬੀ)
ਪੰਜਾਬੀ ਯੂਨੀਵਰਸਿਟੀ ਕਾਲਜ, ਬਰਨਾਲਾ (ਪੰਜਾਬ)
ਈ.ਮੇਲ. - major9367gmail.com

ਜਦੋਂ ਵਿਅਕਤੀ ਸਮੂਹਿਕ ਰੂਪ ਵਿਚ ਰਹਿੰਦੇ ਹਨ ਤਾਂ ਉਹ ਸਮਾਜ ਦੀ ਹੋਂਦ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਮੂਹਿਕ ਰੂਪ ਵਿਚ ਰਹਿਣਾ ਹੀ ਸਮੁੱਚੀ ਮਨੁੱਖਤਾ ਲਈ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਹੈ। ਸਮਾਜਕ ਪ੍ਰਬੰਧ ਵਿਚ ਸਮੁੱਚੀ ਮਨੁੱਖਤਾ ਦੇ ਸਮੂਹਿਕ ਰੂਪ ਬਾਰੇ ਵਿਚਾਰ-ਚਰਚਾ ਬਹੁਤ ਸਾਰੇ ਚਿੰਤਕਾਂ, ਵਿਦਵਾਨਾਂ ਆਦਿ ਨੇ ਕੀਤੀ ਹੈ ਕਿ ਕੇਵਲ ਇਕੱਲਾ ਮਨੁੱਖ ਹੀ ਸਮਾਜ ਨਹੀਂ ਹੁੰਦਾ, ਸਗੋਂ ਕਈ ਪ੍ਰਕਾਰ ਦੇ ਕੀੜੇ ਮਕੌੜਿਆਂ ਵਿਚ ਵੀ ਸਮਾਜਕ ਪ੍ਰਕਿਰਿਆਵਾਂ ਦੇ ਲੱਛਣ ਸ਼ਾਮਿਲ ਹੁੰਦੇ ਹਨ ਜਿਵੇਂ ਕਿ ਕਿਰਤ-ਵੰਡ, ਸਹਿਯੋਗ, ਸਮੂਹਕ ਚੇਤਨਾ ਅਤੇ ਪਰਸਪਰ ਸੰਚਾਰ ਸਾਧਨ ਆਦਿ। ਇਸ ਪ੍ਰਕਾਰ ਦੇ ਜੀਵ-ਜੰਤੂਆਂ ਵਿਚੋਂ ਅਜਿਹੇ ਕੀੜੇ-ਮਕੌੜੇ, ਸ਼ਹਿਦ ਦੀਆਂ ਮਧੂ-ਮੱਖੀਆਂ, ਭਰਿੰਡਾਂ ਅਤੇ ਪਸ਼ੂ, ਪੰਛੀਆਂ ਆਦਿ ਦੀ ਜੀਵਨ-ਸ਼ੈਲੀ ਨੂੰ ਵੇਖਿਆ ਜਾ ਸਕਦਾ ਹੈ :

> "ਭਾਵੇਂ ਮਨੁੱਖ ਨਾਲੋਂ ਨੀਵੀਂ ਪੱਧਰ ਦੇ ਜਾਨਵਰ ਪਰਸਪਰ ਸੰਚਾਰ ਦੇ ਸਾਧਨ ਵਿਕਸਤ ਕਰ ਲੈਂਦੇ ਹਨ ਪਰੰਤੂ ਇਹ ਸਾਰਥਕ ਬੋਲੀ ਨਹੀਂ ਬੋਲਦੇ। ਭਾਵੇਂ ਇਹ ਸਿਖਿਆ ਪ੍ਰਾਪਤ ਕਰਨ ਦੇ ਯੋਗ ਹਨ, ਪਰੰਤੂ ਇਨ੍ਹਾਂ ਦੀਆਂ ਯੋਗਤਾਵਾਂ ਐਨੀਆਂ ਘੱਟ ਹਨ ਕਿ ਮਨੁੱਖ ਦੀਆਂ ਯੋਗਤਾਵਾਂ ਦਾ ਮੁਕਾਬਲਾ ਕਰਨ ਦੇ ਅਸਮਰਥ ਹਨ। ਜਾਨਵਰਾਂ ਵਿਚੋਂ ਸਭ ਤੋਂ ਉੱਚ ਪੱਧਰ ਦੇ ਜਾਨਵਰਾਂ ਭਾਵ ਬਾਨਰਾਂ ਬਾਰੇ ਵੀ ਇਹ ਸੱਚ ਹੈ। ਮਨੁੱਖ ਨਾਲੋਂ ਨੀਵੀ ਪੱਧਰ ਦੇ ਜਾਨਵਰਾਂ ਦਾ ਵਰਤਾਓ ਪੂਰਨ ਤੌਰ ਤੇ ਮੂਲ ਪ੍ਰਵਿਰਤੀ ਉਪਰ ਅਧਾਰਿਤ ਹੁੰਦਾ ਹੈ ਜਾਂ ਇਹ ਪ੍ਰਤੀ ਰੂਪ ਵਰਤਾਓ ਹੁੰਦਾ ਹੈ ਜਿਸ ਵਿਚ ਅਸਲੀ ਤੌਰ ਤੇ ਇਕ ਪੁਸ਼ਤ ਤੋਂ ਦੂਸਰੀ ਪੁਸ਼ਤ ਤਕ ਕੋਈ ਫਰਕ ਨਹੀਂ ਪੈਂਦਾ।"[1]

ਪਰ ਮਨੁੱਖ ਆਪਣੀ ਜੀਵਨ-ਸ਼ੈਲੀ ਨੂੰ ਹੋਰ ਵਧੀਆਂ ਬਣਾਉਣ ਦੀ ਅਤ੍ਰਿਪਤੀ ਹਿੱਤ ਕੁੱਝ ਨਾ ਕੁੱਝ ਨਵੀਨ ਸਿਰਜਣ ਲਈ ਆਪਣੀ ਬੌਧਿਕ ਸਮਰੱਥਾ ਨੂੰ ਹਮੇਸ਼ਾ ਅਸੀਮਤ ਰੱਖਦਾ ਰਹਿੰਦਾ ਹੈ। ਕਿਉਂਕਿ ਮਨੁੱਖੀ ਜੀਵਨ-ਸ਼ੈਲੀ ਦਾ ਮੂਲ ਵਿਕਾਸ ਸਮੂਹਕ ਲੋਕਾਈ ਦੀ ਚੇਤੰਨਤਾ ਦਾ ਹੀ ਨਤੀਜਾ ਸਮਝਿਆ ਜਾਂਦਾ ਹੈ।

> "ਸਮੂਹ ਵਿਚ ਰਹਿਣਾ ਮਨੁੱਖ ਲਈ ਐਨਾ ਜ਼ਰੂਰੀ ਹੈ ਕਿ ਇਸ ਤੋਂ ਵੱਖ ਕਰਕੇ ਅਸੀਂ ਉਸ ਦੀ ਹੋਂਦ ਦਾ ਕਿਆਸ ਹੀ ਨਹੀਂ ਕਰ ਸਕਦੇ। ਇਸ ਗੱਲ ਦਾ ਸਭ ਤੋਂ ਚੰਗਾ ਸੰਕੇਤ ਇਹ ਸਮੂਹਕ ਜੀਵਨ ਹੀ ਹੈ ਜੋ ਪਸ਼ੂ ਨੂੰ ਮਨੁੱਖ ਬਣਾਉਂਦਾ ਹੈ।"[2]

ਕਿਉਂਕਿ ਮਨੁੱਖੀ-ਸਮੂਹ ਦੇ ਆਪਸੀ ਸੰਬੰਧਾਂ ਦੁਆਰਾ ਹੀ ਕਿਸੇ ਵੀ ਸਮਾਜ ਦਾ ਸਮਾਜਿਕ ਪ੍ਰਬੰਧਕ ਢਾਂਚਾ ਉਸਰਦਾ ਹੈ। ਮੈਕਾਈਵਰ ਅਤੇ ਪੇਜ ਦੀ ਪਰਿਭਾਸ਼ਾ ਇਹਨਾਂ ਸਮਾਜਿਕ ਪ੍ਰਬੰਧਾਂ ਨੂੰ ਸਹੀ ਰੂਪ ਵਿਚ ਸਪੱਸ਼ਟ ਕਰਦੀ ਹੈ ਕਿ :

> "ਸਮਾਜ ਰੀਤੀ-ਰਿਵਾਜ਼ਾਂ ਅਤੇ ਕਾਰਜ-ਪ੍ਰਣਾਲੀਆਂ ਦੀ, ਅਧਿਕਾਰ-ਸੱਤਾ ਅਤੇ ਪਰਸਪਰ ਸਹਿਯੋਗ ਦੀ, ਅਨੇਕਾਂ ਸਮੂਹਾਂ ਅਤੇ ਸ਼੍ਰੇਣੀਆਂ ਦੀ, ਮਾਨਵ-ਵਿਵਹਾਰ ਦੇ ਨਿਯੰਤ੍ਰਣ ਅਤੇ ਸ੍ਵਾਧੀਨਤਾਵਾਂ ਦੀ ਵਿਵਸਥਾ ਨੂੰ ਅਸੀਂ ਸਮਾਜ ਕਹਿੰਦੇ ਹਾਂ। ਇਹ ਸਮਾਜਕ ਸੰਬੰਧਾਂ ਦਾ ਤਾਣਾ ਹੈ ਅਤੇ ਹਮੇਸ਼ਾ ਬਦਲਦਾ ਰਹਿੰਦਾ ਹੈ।"[3]

ਕਿਉਂਕਿ ਇਸ ਪਰਿਵਰਤਨ ਕਰਕੇ ਹੀ ਸਮਾਜ ਵਿਚ ਸਮਾਨਤਾ ਅਤੇ ਵੱਖਰਤਾ ਦੋਵਾਂ ਦਾ ਬੋਲਬਾਲਾ ਬਰਕਰਾਰ ਹੁੰਦਾ ਹੈ ਪਰ ਵਿਦਵਾਨਾਂ,ਚਿੰਤਕਾਂ ਆਦਿ ਨੇ ਸਮਾਜ ਦੇ ਨਿਰਮਾਣ ਲਈ ਸਮਾਜਕ ਇਕਰੂਪਤਾ ਜਾਂ ਸਮਾਨਤਾ ਨੂੰ ਹੀ ਮਹੱਤਵਪੂਰਨ ਮੰਨਿਆ ਹੈ ਭਾਵੇਂ ਕਿ ਉਹ ਸਮਾਜਕ ਵੱਖਰਤਾ ਤੋਂ ਇਨਕਾਰੀ ਨਹੀਂ ਕਿਉਂਕਿ ਜਿਥੋਂ ਤੱਕ ਮਨੁੱਖਾਂ ਵਿਚ ਲਿੰਗਕ, ਉਮਰ, ਯੋਗਤਾ, ਰੁਚੀਆਂ, ਕਾਰਜਾਂ ਅਤੇ ਸਵਾਰਥਾਂ

ਵਿਚ ਸਮਾਨਤਾ ਸਮਾਜਕ ਸੰਗਠਨ ਨੂੰ ਸੀਮਿਤ ਕਰਨ ਦਾ ਯਤਨ ਕਰਦੀ ਹੈ, ਜਿਸ ਕਰਕੇ ਉਨ੍ਹਾਂ ਦੇ ਸੰਬੰਧ ਕੀੜੇ-ਮਕੌੜੇ, ਪਸ਼ੂ-ਪੰਛੀਆਂ ਵਾਂਗ ਆਪਸੀ ਆਦਾਨ-ਪ੍ਰਦਾਨ ਕਰਨ ਵਿਚ ਸੀਮਿਤ ਹੁੰਦੇ ਹਨ, ਉਥੇ ਇਹਨਾਂ ਵਿਚ :

> "ਕਿਸੇ ਇਕ ਸਮਾਜ ਦੇ ਲੋਕਾਂ ਵਿਚ ਪਰੰਪਰਾਵਾਂ, ਰਿਵਾਜ਼ਾਂ ਅਤੇ ਰੁੜ੍ਹੀਆਂ ਆਦਿ ਵਿਚ ਸਮਾਨਤਾ ਦੇ ਕਾਰਣ ਬੜੇ ਦ੍ਰਿੜ ਸਮਾਜਕ ਸੰਬੰਧ ਪਾਏ ਜਾਂਦੇ ਹਨ। ਇਸ ਤਰ੍ਹਾਂ ਮਨੁੱਖੀ ਸਮਾਜ ਦੀ ਨੀਂਹ ਸਮਾਨਤਾ 'ਤੇ ਆਧਾਰਿਤ ਹੈ।"[4]

ਕਿਉਂਕਿ ਸਮੁੱਚੀ ਮਨੁੱਖਤਾ ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਦੂਜਿਆਂ ਉੱਪਰ ਨਿਰਭਰ ਹੁੰਦੀ ਹੈ। ਮਨੁੱਖ ਆਪਣੇ ਜਨਮ ਤੋਂ ਮਾਪਿਆਂ ਉੱਪਰ, ਆਂਢ-ਗੁਆਂਢ, ਦੋਸਤਾਂ-ਮਿੱਤਰਾਂ, ਸਕੂਲ ਟੀਚਰਾਂ, ਦਫ਼ਤਰਾਂ ਆਦਿ ਤੋਂ ਲੈ ਕੇ ਸਮਾਜਿਕ ਪ੍ਰਬੰਧ ਦੀ ਹਰ ਕੜੀਦਾਰ ਸੰਸਥਾ ਨਾਲ ਜੁੜਿਆ ਹੁੰਦਾ ਹੈ। ਸਮਾਜ-ਵਿਗਿਆਨੀ ਨੇਤਾਂ ਮਨੁੱਖਤਾ ਦੀ ਅੰਤਰ-ਨਿਰਭਰਤਾ ਦੇ ਨਾਲ-ਨਾਲ ਸਮਾਜ ਦੀ ਅੰਤਰ-ਨਿਰਭਰਤਾ ਨਾਲ ਵੀ ਸਹਿਮਤ ਹਨ, ਉਨ੍ਹਾਂ ਦਾ ਮੰਨਣਾ ਹੈ ਕਿ ਕਦੇ ਕੋਈ ਇਕ ਸਮਾਜ ਵੀ ਪੂਰਨ ਤੌਰ ਤੇ ਸ੍ਵੈ-ਨਿਰਭਰ ਨਹੀਂ ਹੁੰਦਾ। ਉਸਦੀਆਂ ਵੀ ਆਪਣੀਆਂ ਕਈ ਅਜਿਹੀਆਂ ਲੋੜਾਂ ਹੁੰਦੀਆਂ ਹਨ, ਜਿਨ੍ਹਾਂ ਦੇ ਆਧਾਰ ਤੇ ਉਹ ਹੋਰ ਸਮਾਜਿਕ ਪ੍ਰਬੰਧਾਂ ਨਾਲ ਆਪਣਾ ਲੈਣ ਦੇਣ ਬਣਾਈ ਰੱਖਣਾ ਚਾਹੁੰਦਾ ਹੈ, ਜਿਸਨੂੰ ਉਸ ਨੇ ਆਪਣੇ ਸਮਾਜ ਦੀ ਲੋੜ ਮੁਤਾਬਕ ਪ੍ਰਯੋਗ ਵਿਚ ਲਿਆਉਂਦਾ ਹੈ। ਇਸ ਕਰਕੇ ਸਮਾਜ ਵਿਚ ਜਿੱਥੇ ਸਮਾਨਤਾ ਅਤੇ ਵੱਖਰਤਾ, ਅੰਤਰ-ਨਿਰਭਰਤਾ ਆਦਿ ਇਸ ਤਰ੍ਹਾਂ ਦੇ ਲੱਛਣ ਮੌਜੂਦ ਹੁੰਦੇ ਹਨ ,ਉਥੇ ਨਾਲ-ਨਾਲ ਸਹਿਯੋਗ ਅਤੇ ਸੰਘਰਸ਼ ਦੀ ਪ੍ਰਕਿਰਿਆ ਵੀ ਚੱਲਦੀ ਰਹਿੰਦੀ ਹੈ। ਜਾਰਜ ਸਿਮਲ ਦਾ ਮੰਨਣਾ ਹੈ ਕਿ :

> "ਸਮਾਜ ਵਿਚ ਦੋਵੇਂ ਪ੍ਰਕਾਰ ਦੀਆਂ ਸ਼ਕਤੀਆਂ ਹੁੰਦੀਆਂ ਹਨ ਇਕ ਉਹ ਜੋ ਮਨੁੱਖਾਂ ਨੂੰ ਇਕ ਕੜੀ ਵਿਚ ਬੰਨਦੀਆਂ ਹਨ ਅਤੇ ਦੂਸਰੀਆਂ ਉਹ ਜੋ ਉਨ੍ਹਾਂ ਨੂੰ ਨਿਖੇੜ ਦਿੰਦੀਆਂ ਹਨ।"[5]

ਪਰੰਤੂ ਆਰ. ਐੱਮ. ਮੈਕਾਈਵਰ ਦਾ ਮੰਨਣਾ ਹੈ ਕਿ :

> "ਜਿੱਥੇ ਕਿਤੇ ਸਮਾਜ ਹੈ, ਸਮਾਜਕ ਸੰਘਰਸ਼ ਭਾਵੇਂ ਮਨੁੱਖ ਦਾ ਮਨੁੱਖ ਨਾਲ ਹੋਵੇ, ਭਾਵੇਂ ਸਮਾਜ ਦਾ ਸਮਾਜ ਦੇ ਵਿਰੁੱਧ ਹੋਵੇ, ਆਪ ਹੀ ਪ੍ਰਗਟ ਹੋ ਜਾਂਦਾ ਹੈ ਪਰ ਜੇ ਸਹਿਯੋਗ, ਸੰਘਰਸ਼ ਨਾਲੋਂ ਵਧੇਰੇ ਮਾਤਰਾ ਵਿਚ ਨਹੀਂ ਹੈ, ਤਾਂ ਸਮਾਜ ਟਿਕ ਨਹੀਂ ਸਕਦਾ।"[6]

ਇਸ ਪ੍ਰਕਾਰ ਵੱਖਰਤਾ ਤੋਂ ਸਮਾਨਤਾ, ਸ੍ਵੈ-ਨਿਰਭਰਤਾ ਤੋਂ ਅੰਤਰ-ਨਿਰਭਰਤਾ ਅਤੇ ਸੰਘਰਸ਼ ਤੋਂ ਸਹਿਯੋਗ ਦੀ ਜ਼ਿਆਦਾ ਰੁਚੀ ਹੀ ਸਮੁੱਚੀ ਮਨੁੱਖਤਾ ਵਿਚ ਸਮਾਜੀਕਰਣ ਦੀ ਵਿਸ਼ੇਸ਼ਤਾ ਪੈਦਾ ਕਰਨ ਵਿਚ ਸਹਾਈ ਹੁੰਦੀ ਹੈ। ਸਮਾਜੀਕਰਨ ਪ੍ਰਕਿਰਿਆ ਮਨੁੱਖਤਾ ਦੇ ਬਚਪਨ ਤੋਂ ਹੀ ਨਹੀਂ, ਬਲਕਿ ਜਨਮ ਤੋਂ ਵੀ ਪਹਿਲਾਂ ਹੀ ਲੋਕ- ਵਿਸ਼ਵਾਸਾਂ, ਲੋਕਾਚਾਰ, ਰੀਤੀ-ਰਿਵਾਜ਼ਾਂ, ਕਦਰਾਂ-ਕੀਮਤਾਂ, ਨੈਤਿਕ-ਮੁੱਲਾਂ ਅਤੇ ਪਰੰਪਰਿਕ- ਰੂੜ੍ਹੀਆਂ ਦੇ ਪੱਖ ਤੋਂ ਪ੍ਰਤੱਖ ਤੇ ਅਪ੍ਰਤੱਖ ਰੂਪ ਵਿਚ ਸ਼ੁਰੂ ਹੋ ਜਾਂਦੀ ਹੈ, ਜਿਹੜੀ ਕਿ ਮੌਤ ਦੇ ਸਮੇਂ ਤੱਕ ਨਾਲ-ਨਾਲ ਚੱਲਦੀ ਰਹਿੰਦੀ ਹੈ ਤਾਂ ਕਿ ਮਰਨ ਤੋਂ ਮਗਰੋਂ ਵੀ ਮਨੁੱਖ, ਸਮਾਜ ਵਿਚ ਆਪਣੇ ਸਮਾਜਕ ਪ੍ਰਬੰਧ ਨੂੰ ਜਿਉਂ ਦਾ ਤਿਉਂ ਰੱਖਕੇ ਜਾਵੇ। ਕਿੰਗਜ਼ਲੇ ਡੇਵਿਸ ਆਪਣੀ ਪਰਿਭਾਸ਼ਾ ਰਾਹੀਂ ਸਮਾਜੀਕਰਨ ਨੂੰ ਸਪੱਸ਼ਟ ਕਰਦਾ ਹੋਇਆ ਕਹਿੰਦਾ ਹੈ ਕਿ :

> "ਮਨੁੱਖੀ ਸੁਭਾਅ ਤੇ ਮਨੁੱਖੀ ਸਮਾਜ ਵਿਚ ਤਬਦੀਲੀ ਲਿਆਉਣ ਦਾ ਸਭ ਤੋਂ ਵੱਡਾ ਸੰਭਵ ਸਾਧਨ ਸਮਾਜੀਕਰਣ ਦਾ ਸੁਧਾਰ ਹੈ।"[7]

ਕਿਉਂਕਿ ਮਨੁੱਖ ਦੇ ਸਮਾਜੀਕਰਣ ਵਿਚ ਸਭ ਤੋਂ ਮੁੱਢਲਾ ਅਤੇ ਮਹੱਤਵਪੂਰਨ ਕਾਰਜ ਪਰਿਵਾਰਕ ਮਾਹੌਲ ਦਾ ਵਿਸ਼ੇਸ਼ ਤੌਰ ਤੇ ਹੁੰਦਾ ਹੈ। ਮਾਂ-ਬਾਪ, ਭੈਣ-ਭਰਾ, ਆਲਾ-ਦੁਆਲਾ, ਆਂਢ-ਗੁਆਂਢ, ਸਕੂਲ ਦੇ ਦੋਸਤ-ਮਿੱਤਰ, ਅਧਿਆਪਕ ਆਦਿ ਮਨੁੱਖ ਨੂੰ ਇਕ ਵਧੀਆਂ ਨਾਗਰਿਕ ਬਣਾਉਣ ਵਿਚ ਵਿਸ਼ੇਸ਼ ਤੇ ਮਹੱਤਵਪੂਰਨ ਰੋਲ ਨਿਭਾਉਂਦੇ ਹਨ। ਅੱਗਲੇ ਪੜਾਅ ਵਿਚ ਮਨੁੱਖ ਆਪਣੇ ਪਿੰਡ/ਕਸਬੇ, ਸ਼ਹਿਰ, ਪ੍ਰਾਂਤ, ਦੇਸ਼ ਅਤੇ ਸੰਸਾਰ ਸੰਬੰਧੀ ਜਿਹੜਾ ਅਨੁਭਵ, ਜਾਣਕਾਰੀ ਅਤੇ ਵਿਚਾਰਧਾਰਾ ਗ੍ਰਹਿਣ ਕਰਦਾ ਹੈ। ਉਹ ਸਭ ਕੁੱਝ ਮਨੁੱਖ ਦੇ ਸਮਾਕਜੀਕਰਣ ਦਾ ਹਿੱਸਾ ਬਣਦਾ ਹੈ। ਇਸ ਤਰ੍ਹਾਂ ਸਮਾਜੀਕਰਨ ਦੀ ਇਸ ਪ੍ਰਕਿਰਿਆ ਸਮੇਂ ਜਿਹੜੀਆਂ ਵੀ ਉਸ ਦੀਆਂ ਛੋਟੀਆਂ ਤੋਂ ਲੈ ਕੇ ਵੱਡੀਆਂ ਇੱਛਾਵਾਂ, ਆਦਤਾਂ, ਰੁਚੀਆਂ ਤੇ ਪ੍ਰਾਪਤੀਆਂ ਨੂੰ ਕੰਟਰੋਲ ਵਿਚ ਰੱਖ ਕੇ ਸਮੂਹਿਕ ਸਮਾਜ ਦੇ ਹਿਤਾਂ ਲਈ ਇਕ ਅਜਿਹੇ ਸਾਂਚੇ ਵਿਚ ਰੱਖਿਆ ਜਾਂਦਾ ਹੈ, ਜਿਸ ਦੁਆਰਾ ਉਹ ਸਮਾਜ ਵਿਰੋਧੀ ਨਹੀਂ, ਬਲਕਿ ਸਮਾਜ ਦੀ ਹਮਾਇਤ ਕਰਦਾ ਹੈ, ਪਰ ਸਮਾਜ ਦਾ ਹਰ ਨਾਗਰਿਕ ਆਪਣੇ ਨਿਜੀ ਹਿੱਤਾਂ ਨੂੰ ਸਮਾਜ ਅਨੁਸਾਰ ਪੂਰਾ ਨਹੀਂ ਕਰਦਾ, ਬਲਕਿ ਸਮਾਜ ਵਿਚ ਕਈ ਵਾਰ ਸਮਾਜੀਕਰਨ ਦੇ ਕਾਫ਼ੀ ਕੁੱਝ ਉਲਟ ਵੀ ਚੱਲਣਾ ਸ਼ੁਰੂ ਹੋ ਜਾਂਦਾ ਹੈ। ਹਰੇਕ ਸਮਾਜ ਦੇ ਮਨੁੱਖ ਦੀਆਂ ਕੁੱਝ ਸਾਕਾਰਤਮਕ ਅਤੇ ਨਕਾਰਾਤਮਕ ਪ੍ਰਵਿਰਤੀਆਂ ਹੁੰਦੀਆਂ ਹਨ। ਸਕਾਰਰਾਤਮਕ ਪ੍ਰਵਿਰਤੀਆਂ ਜਿੱਥੇ

ਸਮਾਜ ਦੀ ਵਿਵਸਥਾ, ਨਿਰਵੈਰਤਾ, ਅਖੰਡਤਾ ਅਤੇ ਵਿਕਾਸ ਨੂੰ ਮੁੱਖ ਬਣਾਉਣ ਵਿਚ ਯੋਗਦਾਨ ਪਾਉਂਦੀਆਂ ਹਨ, ਉਥੇ ਨਕਾਰਾਤਮਕ ਪ੍ਰਵਿਰਤੀਆਂ ਸਮਾਜ ਲਈ ਹਾਨੀਕਾਰਕ ਵੀ ਸ਼ਾਬਿਤ ਹੋ ਜਾਂਦੀਆਂ ਹਨ। ਸਮਾਜ ਵਿਰੋਧੀ ਉਲਾਰ ਅਤੇ ਨਕਾਰਾਤਮਕ ਪ੍ਰਵਿਰਤੀਆਂ ਉਪਰ ਕੰਟਰੋਲ ਕਰਨਾ ਸਮਾਜਕ ਵਿਕਾਸ ਲਈ ਬਹੁਤ ਹੀ ਜ਼ਰੂਰੀ ਹੁੰਦਾ ਹੈ। ਇਸ ਸੰਬੰਧੀ ਗਿਲਿਨ ਦਾ ਵਿਚਾਰ ਸਪੱਸ਼ਟ ਦਿਖਾਈ ਦਿੰਦਾ ਹੈ ਕਿ

> "ਸਮਾਜਕ ਨਿਰੰਤਰਨ, ਸੁਝਾਅ, ਪ੍ਰੇਰਣਾ, ਪ੍ਰਤਿਰੋਧ ਅਤੇ ਦਬਾਅ ਜਿਸ ਵਿਚ ਸਰੀਰਕ ਬਲ ਪ੍ਰਯੋਗ ਹੋਣ ਦੇ ਨਾਲ-ਨਾਲ ਸਭ ਸਾਧਨ ਸ਼ਾਮਲ ਹਨ, ਵਰਗੇ ਉਪਾਵਾਂ ਦੀ ਉਹ ਵਿਵਸਥਾ ਹੈ ਜਿਸ ਨਾਲ ਇਕ ਸਮਾਜ ਇਕ ਉਪ-ਸਮੂਹ ਨੂੰ ਵਿਵਹਾਰ ਦੇ ਸਵੀਕ੍ਰਿਤ ਪ੍ਰਤਿਮਾਨ ਦੇ ਅਨੁਰੂਪ ਬਣਾਉਂਦਾ ਹੈ ਜਾਂ ਜਿਸ ਨਾਲ ਇਕ ਸਮੂਹ ਆਪਣੇ ਮੈਂਬਰਾਂ ਦੇ ਵਿਵਹਾਰ ਨੂੰ ਆਪਣੇ ਆਪਣੇ ਅਨੁਰੂਪ ਢਾਲਦਾ ਹੈ।"[8]

ਕਿਉਂਕਿ ਸਮਾਜਕ ਨਿਰੰਤਰਨ ਦੇ ਸਾਧਨਾਂ ਨੂੰ ਜ਼ਿਆਦਾ ਕਰਕੇ ਦੋ ਭਾਗਾਂ '1. ਰਸਮੀ ਨਿਰੰਤਰਨ' 2. 'ਗ਼ੈਰ-ਰਸਮੀ ਨਿਰੰਤਰਨ' ਵਿਚ ਵੰਡਿਆ ਗਿਆ ਹੈ। .1 ਗ਼ੈਰ-ਰਸਮੀ ਨਿਰੰਤਰਨ ਵਿਚ ਪਰਿਵਾਰ , ਸਮੁਦਾਇਕ ਸੰਹਿਤਾਵਾਂ-ਲੋਕਾਚਾਰ, ਰੀਤੀ-ਰਿਵਾਜ਼, ਪਰੰਪਰਿਕ-ਰੂੜ੍ਹੀਆਂ, ਨੈਤਿਕ-ਕੀਮਤਾਂ, ਲੋਕ-ਵਿਸ਼ਵਾਸ, ਸੰਸਕਾਰ, ਧਰਮ, ਆਦਿ ਨਿਰੰਤਰਤਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਸਮਾਜ-ਵਿਗਿਆਨੀਆਂ ਦਾ ਮੰਨਣਾ ਹੈ ਕਿ ਗ਼ੈਰ-ਰਸਮੀ ਨਿਰੰਤਰਨਾਂ ਦਾ ਜ਼ਿਆਦਾ ਕਰਕੇ ਆਦਿਮ ਸਮਾਜਿਕ ਪ੍ਰਬੰਧਾਂ ਵਿਚ ਬੋਲਬਾਲਾ ਜ਼ਿਆਦਾ ਰਿਹਾ ਹੈ, ਜਦ ਕਿ ਆਧੁਨਿਕ ਸਮਾਜ ਲਈ ਰਸਮੀ ਨਿਰੰਤਰਨ (ਰਾਜ, ਕਾਨੂੰਨ ਆਦਿ) ਦੀ ਜ਼ਿਆਦਾ ਮਹੱਤਤਾ ਰਹੀ ਹੈ, ਕਿਉਂਕਿ ਆਧੁਨਿਕ ਸਮਾਜ ਜ਼ਿਆਦਾ ਗੁੰਝਲਦਾਰ, ਜਟਿਲ ਸਮਾਜ ਦਾ ਰੂਪ ਧਾਰਨ ਕਰ ਚੁੱਕਾ ਹੈ, ਜਿਨ੍ਹਾਂ ਵਾਸਤੇ ਗ਼ੈਰ-ਰਸਮੀ ਨਿਰੰਤਰਨ ਜ਼ਿਆਦਾ ਨਹੀਂ। ਜਿਹੜਾ ਵੀ ਹੋਵੇ ਪ੍ਰੰਤੂ ਹਰੇਕ ਸਮਾਜ ਲਈ ਕਿਸੇ ਨਾ ਕਿਸੇ ਪੱਖ ਤੋਂ ਦੋਵੇਂ ਤਰ੍ਹਾਂ ਦੇ ਸਮਾਜਕ ਨਿਰੰਤਰਨ ਬਹੁਤ ਜ਼ਰੂਰੀ ਹੁੰਦੇ ਹਨ। ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਮੂਲ ਰੂਪ ਵਿਚ ਸਮਾਜ ਇਕ ਅਜਿਹਾ ਨਿਯਮ-ਪ੍ਰਬੰਧ ਹੈ, ਜਿਸਦੇ ਸਾਰੇ ਕਾਰਜ ਸਮਾਜਕ ਇਕਾਈਆਂ ਅਤੇ ਵੱਖਰੀਆਂ-ਵੱਖਰੀਆਂ ਸਮਾਜਕ ਸੰਸਥਾਵਾਂ ਵਿਚ ਵੰਡ ਕੇ ਚੱ ਲਦੇਰਹਿੰਦੇ ਹਨ, ਜਿੱਥੇ ਸਮਾਜਕ ਇਕਾਈਆਂ ਸਮਾਜ ਨੂੰ ਇਕੱਤਰ ਕਰਨ ਦੀਆਂ ਮੁੱਢਲੀਆਂ ਇਕਾਈਆਂ ਹੁੰਦੀਆਂ ਹਨ, ਉਥੇ ਸਮਾਜਕ ਸੰਸਥਾਵਾਂ ਸਮਾਜ ਨੂੰ ਵਿਵਸਥਿਤ ਕਰਨ ਚਵਿ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਸ੍ਰੀ ਹਰੀ ਦੱਤ ਵੈਦਯ ਅਲੰਕਾਰ ਕਹਿੰਦਾ ਹੈ ਕਿ :

> "ਸਮਾਜਕ ਇਕਾਈਆਂ ਵਿਚ ਪਰਿਵਾਰ, ਵੰਸ਼, ਗੋਤ ਅਤੇ ਕਬੀਲੇ ਸ਼ਾਮਲ ਹੁੰਦੇ ਹਨ, ਜਦੋਂਕਿ ਸਮਾਜਕ ਸੰਸਥਾਵਾਂ ਵਿਚ ਵਿਆਹ, ਸਿੱਖਿਆ, ਸੰਪਤੀ, ਕਾਨੂੰਨ, ਰਾਜ ਅਤੇ ਧਰਮ ਵਰਗੇ ਪੱਖ ਸ਼ਾਮਲ ਹੁੰਦੇ ਹਨ। ਅਸਲ ਵਿਚ ਸਮਾਜਕ ਸੰਸਥਾ ਸਮਾਜ ਦਾ ਉਹ ਢਾਂਚਾ ਹੁੰਦਾ ਹੈ ਜਿਹੜਾ ਮੁੱਖ ਰੂਪ ਵਿਚ ਚੰਗੇ ਢੰਗ ਨਾਲ ਤੇ ਵਿਵਸਥਤ ਤਰੀਕੇ ਨਾਲ ਮਨੁੱਖਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸੰਗਠਿਤ ਕੀਤਾ ਜਾਂਦਾ ਹੈ।"[9]

ਮੈਕਾਈਵਰ ਅਤੇ ਪੇਜ ਕਹਿੰਦੇ ਹਨ ਕਿ :

> "ਜੇਕਰ ਅਸੀਂ ਕਿਸੇ ਚੀਜ਼ ਨੂੰ ਸੰਗਠਿਤ ਰੂਪ ਵਿਚ ਵੇਖਦੇ ਹਾਂ ਤਾ ਉਹ ਸਭਾ ਹੈ, ਜੇਕਰ ਇਕ ਅਮਲ ਦੇ ਰੂਪ ਵਿਚ ਤਾਂ ਉਹ ਸੰਸਥਾ ਹੈ। ਸਭਾ ਮੈਂਬਰੀ (ਠਕਠਲਕਗਤੀਜਬ) ਵੱਲ ਇਸ਼ਾਰਾ ਕਰਦੀ ਹੈ ਅਤੇ ਸੰਸਥਾ ਕਾਰਜ-ਵਿਧੀ ਜਾਂ ਸੇਵਾ ਦੇ ਢੰਗ ਵੱਲ।"[10]

ਇਸ ਲਈ ਪਰਿਵਾਰ ਨੂੰ ਇਕ ਸਭਾ ਤੇ ਸੰਸਥਾ ਵਜੋਂ ਮੰਨਿਆ ਜਾਂਦਾ ਹੈ। ਪਰਿਵਾਰ ਵਿਚ ਪੁਰਸ਼ ਅਤੇ ਇਸਤਰੀ ਦੋਵੇਂ ਰੂਪ ਲਿੰਗਕ ਸੰਬੰਧਾਂ ਦੀ ਪੈਦਾਵਾਰ ਮੰਨੇ ਜਾਂਦੇ ਹਨ। ਬੱਚਿਆ ਦਾ, ਭੈਣ-ਭਰਾਵਾਂ ਆਦਿ ਸਮੁੱਚੇ ਮੈਂਬਰਾਂ ਦੀ ਇਕ ਛੱਤ ਥੱਲੇ ਰਹਿਣਾ ਅਤੇ ਉਨ੍ਹਾਂ ਦੇ ਆਪਸੀ ਸੰਬੰਧਾਂ, ਵਰਤ- ਵਿਵਹਾਰਾਂ ਅਤੇ ਚੇਤੰਨਤਾ ਤੋਂ ਸੰਪੂਰਨ ਪਰਿਵਾਰ ਬਣਦਾ ਹੈ। ਪਰਿਵਾਰ, ਪਰਿਵਾਰਕ ਮੈਂਬਰਾਂ ਦੇ ਸਾਂਝੇ ਆਰਥਿਕ ਵਸੀਲਿਆਂ ਦਾ ਅਜਿਹਾ ਸਾਂਝਾ ਨਿਵਾਸ ਸਥਾਨ ਹੁੰਦਾ ਹੈ ਜਿੱਥੇ ਪਰਿਵਾਰਕ ਮੈਂਬਰ, ਇਕ ਦੂਸਰੇ ਦਾ ਪ੍ਰਭਾਵ ਕਬੂਲਦੇ ਹਨ। ਇਹੋ ਪ੍ਰਭਾਵ ਅੱਗੋਂ ਭਵਿੱਖ ਵਿਚ ਬੱਚਿਆਂ ਦੇ ਵਿਅਕਤਿਤਵ ਨੂੰ ਨਿਖਾਰਨ ਵਿਚ ਮੁੱਢਲਾ ਤੇ ਮਹੱਤਵਪੂਰਨ ਕਾਰਜ ਨਿਭਾਉਂਦਾ ਹੈ।

> "ਵਿਆਹ ਅਤੇ ਉਸ ਨਾਲ ਜੁੜੇ ਕੰਮ ਭਾਵੇਂ ਪਰਿਵਾਰ ਵਿਚ ਹੀ ਕੀਤੇ ਜਾਂਦੇ ਹਨ ਪਰ ਇਨ੍ਹਾਂ ਦਾ ਪ੍ਰਭਾਵ ਸਾਰੇ ਸਮਾਜ ਤੇ ਹੁੰਦਾ ਹੈ। ਵਿਆਹ ਰਾਹੀਂ ਮਨੁੱਖ ਆਪਣੀ ਲਿੰਗਕ ਜ਼ਰੂਰਤ ਪੂਰੀ ਕਰਨ ਦੇ ਨਾਲ ਮਨੋਵਿਗਿਆਨਕ, ਨੈਤਿਕ ਅਤੇ ਅਧਿਆਤਮਕ ਜ਼ਰੂਰਤਾਂ ਵੀ ਪੂਰੀਆਂ ਕਰਦਾ ਹੈ।"[11]

ਧਰਮ ਇਕ ਪ੍ਰਾਚੀਨ ਸੰਸਥਾ ਹੈ ਜੋ ਸਾਰੇ ਸੰਸਾਰ ਦੇ ਸਮਾਜਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਪਾਈ ਜਾਂਦੀ ਹੈ। ਧਰਮ ਦੀ ਪ੍ਰਾਚੀਨਤਾ ਨੂੰ ਸਿੱਧ ਕਰਨ ਲਈ ਵਿਦਵਾਨਾਂ ਵੱਲੋਂ 'ਧਰਮ ਮਨੁੱਖ ਜਿੰਨਾ ਪੁਰਾਣਾ ਹੈ' ਦਾ ਵਿਚਾਰ ਪ੍ਰਗਟਾਇਆ ਜਾਂਦਾ ਹੈ। ਪ੍ਰਾਚੀਨ ਸਮਾਜਾਂ ਵਿਚ ਤਾਂ ਧਰਮ ਹੀ ਸਮਾਜਕ ਨਿਰੰਤਰਨ ਦਾ ਇਕੋ ਇਕ ਸਾਧਨ ਸੀ। ਉਦੋਂ ਦੇ ਸਮਾਜਾਂ ਦਾ ਹਰ ਪਹਿਲੂ ਧਰਮ ਨਾਲ ਜੁੜਿਆ ਹੋਣ ਕਰਕੇ ਉਹ ਆਪਣੇ ਜੀਵਨ ਦਾ ਹਰ ਕਾਰਜ ਧਰਮ ਨੂੰ ਮੁੱਖ ਰੱਖ ਕੇ ਕਰਦੇ ਸਨ। ਧਰਮ, ਸਮਾਜ ਦੀ ਇਕ ਅਜਿਹੀ ਸੰਸਥਾ ਹੈ ਜਿਸਨੇ ਆਰੰਭ ਤੋਂ ਲੈ ਕੇ ਲੋਕਾਂ ਦੇ ਸਮਾਜੀਕਰਨ ਅਤੇ ਉਨਾਂ ਦੀਆਂ ਉਲਾਰੂ ਪ੍ਰਵਿਰਤੀਆਂ 'ਤੇ ਨਿਰੰਤਰਨ ਵਿਚ ਵਧੇਰੇ ਯੋਗਦਾਨ ਪਾਇਆ ਹੈ ਅਤੇ ਧਰਮ ਹੀ ਮਨੁੱਖ ਦੀਆਂ ਉਲਾਰ ਬਿਰਤੀਆਂ ਨੂੰ ਸੌਖਿਆਂ ਕਾਬੂ ਕਰਨ ਵਾਲਾ ਪ੍ਰਮੁੱਖ ਸਾਧਨ ਅਤੇ ਸੰਸਥਾ ਹੈ ਜੋ ਮਨੁੱਖੀ ਜੀਵਨ ਨੂੰ ਵਧੇਰੇ ਸਹਿਜ, ਸੁਹਜ ਅਤੇ ਆਨੰਦਮਈ ਬਣਾਉਣ ਦੀ ਹਾਮੀ ਭਰਦਾ ਹੈ।

> "ਆਪਣੀ ਖਾਧ-ਖੁਰਾਕ ਲਈ ਅਤੇ ਜਾਇਦਾਦ ਦੇ ਸੰਗ੍ਰਹਿ ਲਈ ਮਨੁੱਖ ਜੋ ਕੰਮ-ਕਾਜ ਕਰਦਾ ਹੈ ਉਸ ਨਾਲ ਆਰਥਿਕ ਸੰਸਥਾਵਾਂ ਦਾ ਨਿਰਮਾਣ ਹੁੰਦਾ ਹੈ। ਆਰਥਿਕ ਸੰਸਥਾਵਾਂ ਵਟਾਂਦਰਾ (Exchange), ਉਤਪਾਦਨ (production), ਵੰਡ (distribution) ਅਤੇ ਉਪਭੋਗ (consumption) ਆਦਿ ਆਰਥਿਕ ਕ੍ਰਿਆਵਾਂ ਨਾਲ ਸੰਬੰਧਿਤ ਹੁੰਦੀਆਂ ਹਨ।"[12]

ਆਰਥਿਕ ਸੰਸਥਾਵਾਂ ਦਾ ਬਾਕੀ ਸਮਾਜਕ ਸੰਸਥਾਵਾਂ ਨਾਲ ਗੂੜ੍ਹਾ ਸੰਬੰਧ ਹੁੰਦਾ ਹੈ। ਆਰਥਿਕ ਸੰਸਥਾਵਾਂ ਵਿਚ ਹੋਏ ਸਕਾਰਾਤਮਕ ਅਤੇ ਨਕਾਰਾਤਮਕ ਪਰਿਵਰਤਨਾਂ ਕਾਰਨ, ਸਮਾਜਕ ਸੰਗਠਨ ਵਿਚ ਤਬਦੀਲੀ ਦੀ ਸੰਭਾਵਨਾ ਬਣੀ ਰਹਿੰਦੀ ਹੈ।

> "ਸੰਪਤੀ ਅਤੇ ਆਰਥਿਕ ਸੰਸਥਾਵਾਂ ਅਧੀਨ ਪੁਰਵਜਾਂ (ancestor) ਦੁਆਰਾ ਪ੍ਰਾਪਤ ਨਿਜੀ ਜਾਇਦਾਦ ਦੀ ਰੱਖਿਆ ਅਤੇ ਨਵੀਂ ਜਾਇਦਾਦ ਦੇ ਵਿਕਾਸ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਨਿਤਾਪ੍ਰਤੀ ਦੀਆਂ ਜ਼ਰੂਰਤਾਂ ਦੀ ਪੂਰਤੀ ਅਤੇ ਵੱਖ-ਵੱਖ ਸੁੱਖ-ਸਹੂਲਤਾਂ ਪ੍ਰਾਪਤ ਕਰਨ ਲਈ ਮਨੁੱਖ ਅਨੇਕ ਪ੍ਰਕਾਰ ਦੇ ਪੇਸ਼ੇ ਅਤੇ ਉਪਯੋਗੀ ਕਲਾਵਾਂ ਨੂੰ ਗ੍ਰਹਿਣ ਕਰਦਾ ਹੈ। ਇਹ ਹੀ ਵੱਖ-ਵੱਖ ਪੇਸ਼ੇ ਆਪਣੇ ਵਿਕਸਤ ਰੂਪ ਵਿਚ ਆਰਥਿਕ ਸੰਸਥਾਵਾਂ ਦਾ ਰੂਪ ਗ੍ਰਹਿਣ ਕਰਦੇ ਹਨ। ਇਹਨਾਂ ਵਿਚ ਕਾਰਖਾਨੇ, ਹੋਰ ਦੂਸਰੇ ਪੇਸ਼ੇ ਬੈਂਕ, ਸਹਿਕਾਰੀ ਸੰਸਥਾਵਾਂ, ਟਰੇਡ ਯੂਨੀਅਨਾਂ, ਆਵਾਜਾਈ ਦੇ ਸਾਧਨ ਪ੍ਰਮੁੱਖ ਹਨ।"[13]

ਵਿੱਦਿਆ ਸਮਾਜੀ ਮਨੁੱਖਾਂ ਲਈ ਉਹ ਕਾਰਜ ਕਰਦੀ ਹੈ ਜਿਸ ਨੂੰ ਆਧਾਰ ਬਣਾਕੇ ਮਨੁੱਖ ਆਪਣੇ ਬਾਹਰੀ ਕਾਰਜ ਹੀ ਨਹੀਂ, ਸਗੋਂ ਆਪਣੇ ਵਿਚਾਰਾਂ, ਅਨੁਭਵਾਂ ਤੇ ਬੁੱਧੀ ਆਦਿ ਨੂੰ ਵੀ ਵਿਕਸਤ ਕਰਦੇ ਹਨ। ਸਮਾਜ ਨੂੰ ਇਕ ਨਵੀਨ ਅਤੇ ਨਿਰੋਗੀ ਸਮਾਜ ਵਿਚ ਵਿਕਸਤ ਕਰਨ ਲਈ ਵਿੱਦਿਆ ਸਮੇਂ ਸਮੇਂ ਆਪਣਾ ਬਣਦਾ ਯੋਗਦਾਨ ਪਾਉਂਦੀ ਹੈ।

> "ਵਿੱਦਿਆ ਮਨੁੱਖ ਨੂੰ ਪ੍ਰਕਿਰਤੀ ਦੁਆਰਾ ਮਿਲੀਆਂ ਸ਼ਕਤੀਆਂ, ਇੰਦਰੀਆਂ, ਬੁੱਧੀ, ਯਾਦ ਸ਼ਕਤੀ ਆਦਿ ਦਾ ਉਪਯੋਗ ਸਿਖਾਉਂਦੀ ਹੈ। ਵਿਦਿਆ ਉਸਨੂੰ ਜੀਵਨ ਸੰਘਰਸ਼ ਵਿਚ ਸਫ਼ਲ ਹੋਣ ਯੋਗ ਬਣਾਉਂਦੀ ਹੈ। ਵਿੱਦਿਆ ਤਾਂ ਅਨੁਕੂਲਣ (adaptation) ਦੀ ਕਲਾ ਹੈ। ਮਨੁੱਖ ਦੇ ਲਈ ਅਨੁਕੂਲਣ ਪ੍ਰਾਕਿਰਤੀ ਨਾਲੋਂ ਅਧਿਕ ਸਮਾਜਕ ਹੈ।"[14]

ਵਿਦਿਆ ਅਸੀਮ ਹੈ। ਵਿਦਿਆ ਸਮਾਜ ਵਿਚ ਕੇਵਲ ਨਿਜੀ ਪ੍ਰਾਪਤੀਆਂ ਦਾ ਹੀ ਸਾਧਨ ਨਹੀਂ, ਸਗੋਂ ਸਮਾਜ ਦੇ ਯੋਗ ਨਾਗਰਿਕ ਹੋਣ ਵਿਚ ਵੀ ਸਹਾਇਕ ਹੁੰਦੀ ਹੈ। ਇਸ ਲਈ ਜਿੱਥੇ ਮਨੁੱਖ ਇਸ ਪ੍ਰਕਿਰਿਆ ਦੁਆਰਾ ਆਪਣੇ ਵਿਅਕਤਿਤਵ ਨੂੰ ਨਿਖਾਰਦਾ ਹੈ ਉਥੇ ਇਕ ਉਸਾਰੂ ਦ੍ਰਿਸ਼ਟੀਕੋਣ ਵੀ ਰੱਖਦਾ ਹੈ। ਇਸੇ ਦ੍ਰਿਸ਼ਟੀਕੋਣ ਨੂੰ ਸਮਾਜ ਦੇ ਵੱਖੋ-ਵੱਖ ਪੱਖਾਂ ਪ੍ਰਤੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਸਮਝਣ ਲਈ ਅੱਗੋਂ ਵਿਦਿਅਕ ਖੇਤਰਾਂ ਵਿਚ ਅਨੇਕ ਵਿਦਿਅਕ ਸੰਸਥਾਵਾਂ ਹੋਂਦ ਵਿਚ ਆਉਂਦੀਆਂ ਹਨ। ਸਮਾਜਕ-ਵਿਵਸਥਾ ਨੂੰ ਬਣਾਈ ਰੱਖਣ ਲਈ ਕਿਸੇ ਵੀ ਸਮਾਜ ਦਾ ਪ੍ਰਬੰਧ ਸਮੂਹਕ ਜੀਵਨ-ਵਿਵਹਾਰ ਵਿਚੋਂ ਘੜੀਆਂ ਜੁਗਤਾਂ, ਵਿਧੀਆਂ ਅਨੁਸਾਰ ਚੱਲਦਾ ਹੈ। ਨਿਸ਼ਚਿਤ ਕੀਤੇ ਸਮਾਜਕ ਪ੍ਰਬੰਧ ਦੁਆਰਾ ਮਨੁੱਖੀ ਲੋੜਾਂ ਦੀ ਪੂਰਤੀ ਲਈ ਕੁਝ ਅਜਿਹੇ ਸਾਂਝੇ ਅਤੇ ਸਵੀਕ੍ਰਿਤ ਨਿਯਮ ਵੀ ਘੜੇ ਜਾਂਦੇ ਹਨ ਜਿਨ੍ਹਾਂ ਨੂੰ ਮਨੁੱਖੀ ਸਮੂਹ ਆਪਣੀ ਰੋਜ਼ਮਰਾ ਆਦਤ ਬਣਾ ਲੈਂਦਾ ਹੈ। ਮਨੁੱਖੀ ਸਮੂਹ ਦੁਆਰਾ ਹੋਂਦ ਵਿਚ ਆਈਆਂ ਆਦਤਾਂ, ਜਨਰੀਤੀਆਂ, ਰਿਵਾਜ ਅਤੇ ਰੂੜ੍ਹੀਆਂ ਦੀ ਇਕ ਕ੍ਰਮਵਾਰ ਪ੍ਰਕਿਰਿਆ ਹੈ ਜਿਸਦਾ ਸਮਾਜਕ ਨਿਰੰਤਰਨ ਵਿਚ ਵੱਡਾ ਯੋਗਦਾਨ ਹੁੰਦਾ ਹੈ ਪਰੰਤੂ ਕੁਝ ਵਿਅਕਤੀਆਂ ਦੁਆਰਾ ਸਮਾਜ-ਵਿਰੋਧੀ ਪੈਦਾ ਕੀਤੀਆ ਸਮੱਸਿਆਵਾਂ 'ਤੇ ਕਾਬੂ ਕਰਨਾ ਗ਼ੈਰ ਰਸਮੀ ਨਿਰੰਤਰਨਾਂ ਤੋਂ ਬਾਹਰਾ ਕੰਮ ਹੋ ਜਾਂਦਾ ਹੈ ਜਦੋਂ ਕਿ ਨਕਾਰਾਤਮਕ ਮਨੁੱਖੀ ਪ੍ਰਵਿਰਤੀਆਂ ਤੇ ਕਾਬੂ ਕਰਨ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਰਸਮੀ ਸੰਸਥਾਵਾਂ (ਰਾਜ, ਕਾਨੂੰਨ) ਦਾ ਕਾਰਜ ਵਧੇਰੇ ਲਾਭਦਾਇਕ ਸਿੱਧ ਹੁੰਦਾ ਹੈ। ਰਸਮੀ ਨਿਰੰਤਰਨਾਂ ਦੁਆਰਾ ਮਨੁੱਖ 'ਤੇ ਦਬਾਅ ਦੇ ਕਈ ਸਖ਼ਤ ਢੰਗ ਅਪਣਾਕੇ ਸਮਾਜ ਵਿਰੋਧੀ ਕਾਰਵਾਈ ਨੂੰ ਅਤੇ ਸਮਾਜ

ਹਿਤੈਸ਼ੀ ਪੱਖਾਂ ਨੂੰ ਉਭਾਰਿਆ ਜਾਂਦਾ ਹੈ। ਪ੍ਰਾਚੀਨ ਜਾਂ ਮੁੱਢਲੇ ਸਮਾਜਾਂ ਵਿਚ ਕੇਵਲ ਧਰਮ ਹੀ ਕਿਸੇ ਨਾ ਕਿਸੇ ਰੂਪ ਵਿਚ ਸਮਾਜਕ ਨਿਰੰਤਰਨ ਦਾ ਸਾਧਨ ਸੀ। ਮਨੁੱਖੀ ਸਮੂਹ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜਿੱਥੇ ਸਵੀਕ੍ਰਿਤ ਪਰੰਪਰਾਗਤ ਰੀਤੀ-ਰਿਵਾਜ਼, ਲੋਕਰੀਤੀਆਂ, ਰੂੜ੍ਹੀਆਂ ਆਦਿ ਨੂੰ ਆਧਾਰ ਬਣਾਇਆ ਜਾਂਦਾ ਹੈ ਉਥੇ ਸਮਕਾਲੀ ਸਮਾਜ ਵਿਚ ਪੇਸ਼ ਨਕਾਰਾਤਮਕ ਪ੍ਰਸਥਿਤੀਆਂ ਤੇ ਕਾਬੂ ਕਰਨ ਲਈ ਕੁਝ ਨਵੇਂ ਸਥਾਪਿਤ ਅਤੇ ਸਵੀਕ੍ਰਿਤ ਸਾਧਨਾਂ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਰਾਜ ਦੁਆਰਾ ਘੜੇ ਨਿਯਮ (ਕਾਨੂੰਨ) ਦਾ ਕਾਰਜ ਕੇਵਲ ਦਬਾਅ ਰਾਹੀਂ ਸਮਾਜਕ ਵਿਅਕਤੀਆਂ ਦੀਆਂ ਨਕਾਰਾਤਮਕ ਪ੍ਰਵਿਰਤੀਆਂ ਉਤੇ ਕਾਬੂ ਪਾਉਣਾ ਹੀ ਨਹੀਂ ਹੁੰਦਾ, ਸਗੋਂ ਮਨੁੱਖਾਂ ਦੇ ਹੱਕਾਂ ਦੀ ਰਾਖੀ ਕਰਨਾ, ਉਨ੍ਹਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਨਾ, ਸਮਾਜ ਦੀਆਂ ਬਾਹਰੀ ਅਤੇ ਅੰਦਰੂਨੀ ਸਮੱਸਿਆਵਾਂ ਨਾਲ ਨਜਿੱਠਣਾ ਅਤੇ ਹਰ ਮਨੁੱਖ ਨੂੰ ਨਿਆਂਪੂਰਵਕ ਅੱਗੇ ਵਧਣ ਅਤੇ ਹੱਕਾਂ ਦੀ ਪੂਰਤੀ ਦੇ ਮੌਕੇ ਪ੍ਰਦਾਨ ਕਰਨਾ ਵੀ ਹੁੰਦਾ ਹੈ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਇਹ ਕਹਿ ਸਕਦੇ ਹਾਂ ਕਿ ਸਮਾਜ ਸਭਿਆਚਾਰਕ ਅਧਿਐਨ ਇਕ ਅਜਿਹਾ ਸੰਕਲਪ ਹੈ, ਜਿਹੜਾ ਸਮਾਜ ਵਿਚਲੇ ਰਿਸ਼ਤੇ-ਨਾਤੇ ਪ੍ਰਣਾਲੀ, ਵਿਵਹਾਰਿਕ ਜ਼ਰੂਰਤਾਂ ਅਤੇ ਮਨੁੱਖਤਾ ਦੇ ਨਾਲ ਸੰਬੰਧਿਤ ਸਮੁੱਚੇ ਸਮਾਜਿਕ ਪ੍ਰਬੰਧ ਆਦਿ ਨੂੰ ਡੂੰਘਾਈ ਤੋਂ ਜਾਨਣ ਦੀ ਸਮਝ ਰੱਖਦਾ ਹੈ। ਇਸ ਸਮਾਜਿਕ ਪ੍ਰਬੰਧ ਵਿਚ ਮਨੁੱਖੀ ਜੀਵਨ ਦਾ ਸਮੁੱਚਾ ਰਹਿਣ-ਸਹਿਣ, ਖਾਣ-ਪੀਣ, ਪਹਿਰਾਵਾ, ਪਰਿਵਾਰ, ਧਰਮ, ਰਾਜਨੀਤੀ, ਕੰਮ-ਧੰਦੇ, ਕਲਾਵਾਂ, ਗਹਿਣੇ, ਆਰਥਿਕਤਾ, ਸੰਸਥਾਵਾਂ, ਰਸਮ-ਰਿਵਾਜ਼ ਤੇ ਕਦਰਾਂ-ਕੀਮਤਾਂ ਆਦਿ ਸਭ ਕੁਝ ਸ਼ਾਮਿਲ ਹੁੰਦਾ ਹੈ। ਮੂਲ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਸਮਾਜ ਵਿਚ ਜਿਹੜੀਆਂ ਵੀ ਆਪ ਮੁਹਾਰੇ ਗਤੀਵਿਧੀਆਂ ਵਾਪਰਦੀਆਂ ਹਨ। ਉਹਨਾਂ ਦੇ ਵਾਪਰਨ ਪਿੱਛੇ ਸਮਾਜ ਵਿਚਲੇ ਮੂਲ ਕਾਰਜਸ਼ੀਲ ਕਾਰਨਾਂ ਨੂੰ ਯਤਨ ਪੂਰਵਕ ਸਮਝਣਾ, ਘੋਖਣਾ ਤੇ ਵਿਚਾਰਨਾ ਸਮਾਜ ਸਭਿਆਚਾਰ ਦੇ ਸਮਾਜਿਕ ਪ੍ਰਬੰਧ ਦਾ ਅਧਿਐਨ ਹੈ।

**ਹਵਾਲੇ ਤੇ ਟਿੱਪਣੀਆਂ :**

1. Samuel Koenig, Sociology an Introduction to the Science of Society, , p-19.
2. Ibid, p.17.
3. R.M.Maciver, C.H. Page, Society an Introductory Analysis, Macmillan India Limited, p.5.
4. ਮਿਸਿਜ਼ ਸਾਵਿੰਦਰਜੀਤ ਕੌਰ, ਸਮਾਜ ਵਿਗਿਆਨ ਨਾਲ ਜਾਣ-ਪਛਾਣ, ਪੰਨਾ-53.
5. ਉਧਰਿਤ, ਉਹੀ, ਪੰਨਾ-55.
6. R.M.Maciver, C.H. Page, Society an Introductory Analysis, Macmillan India Limited, p.64.
7. Kingsley Davis, Human Society. p.231.
8. ਉਧਰਿਤ, ਮਿਸਿਜ਼ ਸਾਵਿੰਦਰਜੀਤ ਕੌਰ, ਸਮਾਜ ਵਿਗਿਆਨ ਦੇ ਮੂਲ ਸੰਕਲਪ, ਪੰਨਾ-299.
9. ਉਧਰਿਤ, ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸਭਿਆਚਾਰ, ਪੰਨਾ-11.
10. . R.M.Maciver, C.H. Page, Society an Introductory Analysis, p.16.
11. ਡਾ. ਸਵਰਨ ਸਿੰਘ, ਕਿੱਸਾ-ਕਾਵਿ ਵਿਚ ਸਮਾਜ ਤੇ ਸਭਿਆਚਾਰ, ਪੰਨਾ-57.
12. ਮਿਸਿਜ਼ ਸਾਵਿੰਦਰਜੀਤ ਕੌਰ, ਸਮਾਜ ਵਿਗਿਆਨ ਨਾਲ ਜਾਣ-ਪਛਾਣ, ਪੰਨੇ-226-227.
13. ਡਾ. ਸਵਰਨ ਸਿੰਘ, ਕਿੱਸਾ-ਕਾਵਿ ਵਿਚ ਸਮਾਜ ਤੇ ਸਭਿਆਚਾਰ, ਪੰਨਾ-58.
14. ਮਿਸਿਜ਼ ਸਾਵਿੰਦਰਜੀਤ ਕੌਰ, ਸਮਾਜ ਵਿਗਿਆਨ ਦੇ ਮੂਲ ਸੰਕਲਪ, ਪੰਨਾ-318.